ਮਿੱਠੇ ਬੱਚੇ:- ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਹੋਏ ਇਵੇਂ ਦਾ ਟ੍ਰਸਟੀ ਬਣੋ ਜੋ ਕਿਸੇ ਵੀ ਚੀਜ ਵਿੱਚ ਅਸਕਤੀ ਨਾ ਰਹੇ , ਸਾਡਾ ਕੁਝ ਵੀ ਨਹੀਂ , ਇਵੇਂ ਦੇ ਬੈਗਰ ਬਣ ਜਾਵੋ"

ਪ੍ਰਸ਼ਨ:- ਤੁਸੀਂ ਬੱਚਿਆਂ ਦੀ ਪੁਰਸ਼ਾਰਥ ਦੀ ਮੰਜ਼ਿਲ ਕਿਹੜੀ ਹੈ?

ਉੱਤਰ:- ਤੁਸੀਂ ਮਰੇ ਮਰ ਗਈ ਦੁਨੀਆ - ਇਹ ਹੈ ਤੁਹਾਡੀ ਮੰਜਿਲ। ਸ਼ਰੀਰ ਤੋਂ ਮਮੱਤਵ ਟੁੱਟ ਜਾਵੇ। ਇਵੇਂ ਦਾ ਬੈਗਰ ਬਣ ਜਾਵੋ ਜੋ ਕੁਝ ਵੀ ਯਾਦ ਨਾ ਆਵੇ। ਆਤਮਾ ਅਸ਼ਰੀਰੀ ਬਣ ਜਾਵੇ। ਬਸ, ਸਾਨੂੰ ਵਾਪਸ ਜਾਣਾ ਹੈ। ਇਵੇਂ ਦਾ ਪੁਰਸ਼ਾਰਥ ਕਰਨ ਵਾਲੇ ਬੈਗਰ ਟਰੂ (ਸੱਚੇ) ਪ੍ਰਿੰਸ ਬਣਦੇ ਹਨ। ਤੁਸੀਂ ਬੱਚੇ ਹੀ ਫ਼ਕੀਰ ਤੋਂ ਅਮੀਰ, ਅਮੀਰ ਤੋਂ ਫ਼ਕੀਰ ਬਣਦੇ ਹੋ। ਜਦੋਂ ਤੁਸੀਂ ਅਮੀਰ ਹੋ ਤਾਂ ਇੱਕ ਵੀ ਗਰੀਬ ਨਹੀਂ ਹੁੰਦਾ ਹੈ।

ਓਮ ਸ਼ਾਂਤੀ। ਬਾਪ ਬੱਚਿਆਂ ਤੋਂ ਪੁੱਛਦੇ ਹਨ ਕਿ ਆਤਮਾ ਸੁਣਦੀ ਹੈ ਜਾਂ ਸ਼ਰੀਰ? (ਆਤਮਾ) ਆਤਮਾ ਸੁਣੇਗੀ ਜਰੂਰ ਸ਼ਰੀਰ ਦੁਆਰਾ। ਬੱਚੇ ਲਿੱਖਦੇ ਵੀ ਇਵੇਂ ਹਨ ਕਿ ਫਲਾਣੇ ਦੀ ਆਤਮਾ ਬਾਪਦਾਦਾ ਨੂੰ ਯਾਦ ਕਰਦੀ ਹੈ। ਫਲਾਣੇ ਦੀ ਆਤਮਾ ਅੱਜ ਫਲਾਣੀ ਜਗ੍ਹਾ ਜਾਂਦੀ ਹੈ। ਇਹ ਜਿਵੇਂ ਆਦਤ ਪੈ ਜਾਂਦੀ ਹੈ, ਅਸੀਂ ਆਤਮਾ ਹਾਂ ਕਿਓਂਕਿ ਅਸੀਂ ਬੱਚਿਆਂ ਨੇ ਆਤਮ - ਅਭਿਮਾਨੀ ਬਨਣਾ ਹੈ। ਜਿੱਥੇ ਵੀ ਵੇਖਦੇ ਹੋ, ਜਾਣਦੇ ਹੋ ਆਤਮਾ ਅਤੇ ਸ਼ਰੀਰ ਹੈ ਅਤੇ ਇਨ੍ਹਾਂ ਵਿੱਚ ਹੈ ਦੋ ਆਤਮਾਵਾਂ। ਇੱਕ ਆਤਮਾ ਤੇ ਇੱਕ ਨੂੰ ਪਰਮਾਤਮਾ ਕਹਿੰਦੇ ਹਨ। ਪਰਮਾਤਮਾ ਆਪ ਕਹਿੰਦੇ ਹਨ ਮੈਂ ਇਸ ਸ਼ਰੀਰ ਵਿੱਚ, ਜਿਸ ਵਿੱਚ ਇਨ੍ਹਾਂ ਦੀ ਆਤਮਾ ਵੀ ਪ੍ਰਵੇਸ਼ ਰਹਿੰਦੀ ਹੈ, ਮੈ ਪਰਵੇਸ਼ ਕਰਦਾ ਹਾਂ। ਸ਼ਰੀਰ ਬਿਗੈਰ ਤਾਂ ਆਤਮਾ ਰਹਿ ਨਹੀਂ ਸਕਦੀ। ਹੁਣ ਬਾਪ ਕਹਿੰਦੇ ਹਨ ਕਿ ਆਪਣੇ ਨੂੰ ਆਤਮਾ ਸਮਝੋ। ਆਪਣੇ ਨੂੰ ਆਤਮਾ ਸਮਝਣਗੇ ਤਾਂ ਹੀ ਬਾਪ ਨੂੰ ਯਾਦ ਕਰਾਂਗੇ ਅਤੇ ਪਵਿੱਤਰ ਬਣ ਸ਼ਾਂਤੀਧਾਮ ਵਿੱਚ ਜਾਵੋਗੇ ਅਤੇ ਫਿਰ ਦੈਵੀਗੁਣ ਵੀ ਜਿੰਨਾ ਧਾਰਨ ਕਰੋਗੇ ਅਤੇ ਕਰਾਵੋਗੇ, ਸਵਦਰਸ਼ਨ ਚੱਕਰਧਾਰੀ ਬਣੋਗੇ ਅਤੇ ਬਣਾਵੋਗੇ ਉਨਾ ਉੱਚਾ ਪਦ ਪਾਵੋਗੇ। ਇਸ ਵਿੱਚ ਕੋਈ ਮੂੰਝਦੇ ਹੋ ਤਾਂ ਪੁੱਛ ਸਕਦੇ ਹੋ। ਇਹ ਤਾਂ ਜ਼ਰੂਰ ਹੈ ਮੈਂ ਆਤਮਾ ਹਾਂ, ਬਾਪ ਬੱਚਿਆਂ ਨੂੰ ਹੀ ਕਹਿੰਦੇ ਹਨ ਜੋ ਬ੍ਰਾਹਮਣ ਬਣੇ ਹਨ। ਦੂਜਿਆਂ ਨੂੰ ਨਹੀਂ ਕਹਿਣਗੇ। ਬੱਚੇ ਹੀ ਚੰਗੇ ਲੱਗਦੇ ਹਨ। ਹਰ ਇੱਕ ਬਾਪ ਨੂੰ ਬੱਚੇ ਚੰਗੇ ਲੱਗਦੇ ਹਨ। ਦੂਜਿਆਂ ਨੂੰ ਭਾਵੇਂ ਬਾਹਰੋਂ ਪਿਆਰ ਕਰਣਗੇ ਪਰ ਬੁੱਧੀ ਵਿੱਚ ਹੈ - ਇਹ ਸਾਡੇ ਬੱਚੇ ਨਹੀਂ ਹਨ। ਮੈਂ ਬੱਚਿਆਂ ਨਾਲ ਹੀ ਗੱਲ ਕਰਦਾ ਹਾਂ ਕਿਓਂਕਿ ਬੱਚਿਆਂ ਨੂੰ ਹੀ ਪੜ੍ਹਾਉਣਾ ਹੈ। ਬਾਕੀ ਬਾਹਰ ਵਾਲਿਆਂ ਨੂੰ ਪੜ੍ਹਾਉਣਾ ਤੁਹਾਡਾ ਕੰਮ ਹੈ। ਕੋਈ ਤਾਂ ਝੱਟ ਸਮਝ ਜਾਂਦੇ ਹਨ, ਕੋਈ ਥੋੜਾ ਸਮਝ ਕੇ ਚਲੇ ਜਾਣਗੇ। ਫਿਰ ਜਦੋਂ ਵੇਖਣਗੇ ਕੀ ਇੱਥੇ ਤਾਂ ਬਹੁਤ ਵਾਧਾ ਹੋ ਰਿਹਾ ਹੈ ਤਾਂ ਫਿਰ ਆਉਣਗੇ, ਦੇਖੀਏ ਤੇ ਸਹੀ। ਤੁਸੀਂ ਇਹ ਹੀ ਸਮਝਾਵੋਗੇ ਕਿ ਬਾਪ ਸਾਰੀਆਂ ਆਤਮਾਵਾਂ ਅਤੇ ਬੱਚਿਆਂ ਨੂੰ ਕਹਿੰਦੇ ਹਨ ਮੈਨੂੰ ਯਾਦ ਕਰੋ। ਸਾਰੀਆਂ ਆਤਮਾਵਾਂ ਨੂੰ ਪਾਵਨ ਬਾਪ ਹੀ ਬਣਾਉਂਦੇ ਹਨ। ਉਹ ਕਹਿੰਦੇ ਹਨ ਮੇਰੇ ਬਜਾਏ ਹੋਰ ਕਿਸੇ ਨੂੰ ਯਾਦ ਨਾ ਕਰੋ। ਮੇਰੀ ਅਵਿਭਚਾਰੀ ਯਾਦ ਰੱਖੋ ਤਾਂ ਤੁਹਾਡੀ ਆਤਮਾ ਪਾਵਨ ਬਣ ਜਾਵੇਗੀ। ਪੱਤਿਤ - ਪਾਵਨ ਮੈਂ ਇੱਕ ਹੀ ਹਾਂ। ਮੇਰੀ ਯਾਦ ਨਾਲ ਹੀ ਆਤਮਾ ਪਾਵਨ ਬਣੇਗੀ ਇਸਲਈ ਕਹਿੰਦੇ ਹਨ - ਬੱਚਿਓ, ਮਾਮੇਕਮ ਯਾਦ ਕਰੋ। ਬਾਪ ਹੀ ਪੱਤਿਤ ਰਾਜ ਤੋਂ ਪਾਵਨ ਰਾਜ ਬਣਾਉਂਦੇ ਹਨ, ਲਿਬ੍ਰੇਟ ਕਰਦੇ ਹਨ। ਕਿੱਥੇ ਲੈ ਜਾਂਦੇ ਹਨ? ਸ਼ਾਂਤੀਧਾਮ ਫਿਰ ਸੁੱਖਧਾਮ।

ਮੂਲ ਗੱਲ ਹੀ ਹੈ ਪਾਵਨ ਬਣਨ ਦੀ। 84 ਦਾ ਚੱਕਰ ਸਮਝਾਉਣਾ ਵੀ ਸਹਿਜ ਹੈ। ਚਿੱਤਰ ਵੇਖਣ ਤੋਂ ਹੀ ਨਿਸ਼ਚਾ ਬੈਠ ਜਾਂਦਾ ਹੈ ਇਸਲਈ ਬਾਬਾ ਹਮੇਸ਼ਾ ਕਹਿੰਦੇ ਰਹਿੰਦੇ ਹਨ ਮਿਊਜ਼ੀਅਮ ਖੋਲੋ - ਭੱਭਕੇ ਨਾਲ। ਤਾਂ ਮਨੁੱਖਾਂ ਨੂੰ ਭੱਭਕਾ ਖਿੱਚੇਗਾ। ਬਹੁਤ ਆਉਣਗੇ, ਤੁਸੀਂ ਇਹੀ ਸੁਣਾਓਗੇ ਕਿ ਅਸੀਂ ਬਾਪ ਦੀ ਸ਼੍ਰੀਮਤ ਤੇ ਇਹ ਬਣ ਰਹੇ ਹਾਂ। ਬਾਪ ਕਹਿੰਦੇ ਹਨ ਮਾਮੇਕਮ ਯਾਦ ਕਰੋ ਅਤੇ ਦੈਵੀਗੁਣ ਧਾਰਨ ਕਰੋ। ਬੈਜ ਤਾਂ ਜਰੂਰ ਨਾਲ ਹੋਣਾ ਚਾਹੀਦਾ ਹੈ। ਤੁਸੀਂ ਜਾਣਦੇ ਹੋ ਅਸੀਂ ਬੈਗਰ ਟੂ ਪ੍ਰਿੰਸ ਬਣਾਂਗੇ। ਪਹਿਲੇ ਤਾਂ ਕ੍ਰਿਸ਼ਨ ਬਣੇਗਾ ਨਾ। ਜਦੋਂ ਤੱਕ ਕ੍ਰਿਸ਼ਨ ਨਾ ਬਣੇ ਤਦ ਤੱਕ ਨਾਰਾਇਣ ਬਣ ਨਹੀਂ ਸਕਦਾ। ਬੱਚੇ ਤੋਂ ਵੱਡਾ ਹੋਏ ਤਦ ਨਾਰਾਇਣ ਨਾਮ ਮਿਲੇ। ਤਾਂ ਇਸ ਵਿੱਚ ਦੋਨੋਂ ਚਿੱਤਰ ਹਨ। ਤੁਸੀਂ ਇਹ ਬਣਦੇ ਹੋ। ਹੁਣ ਤੁਸੀਂ ਸਾਰੇ ਬੈਗਰ ਬਣੇ ਹੋਏ ਹੋ। ਇਹ ਬ੍ਰਹਮਾਕੁਮਾਰ - ਕੁਮਾਰੀਆਂ ਵੀ ਬੈਗਰਸ ਹਨ, ਇਨ੍ਹਾਂ ਦੇ ਕੋਲ ਕੁਝ ਵੀ ਨਹੀਂ ਹੈ। ਬੈਗਰ ਮਤਲਬ ਜਿਨ੍ਹਾਂ ਕੋਲ ਕੁਝ ਵੀ ਨਹੀਂ ਹੁੰਦਾ। ਕਿਸੇ-ਕਿਸੇ ਨੂੰ ਅਸੀਂ ਬੈਗਰ ਨਹੀਂ ਕਹਾਂਗੇ। ਇਹ ਬਾਬਾ ਤੇ ਹੈ ਸਭ ਤੋਂ ਵੱਡਾ ਬੈਗਰ। ਇਸ ਵਿੱਚ ਪੂਰਾ ਬੈਗਰ ਬਣਨਾ ਹੁੰਦਾ ਹੈ। ਗ੍ਰਹਿਸਤ ਵਿਵਹਾਰ ਵਿੱਚ ਰਹਿੰਦੇ ਆਸਕਤੀ ਤੋੜਨੀ ਹੁੰਦੀ ਹੈ। ਤੁਸੀਂ ਡਰਾਮੇ ਅਨੁਸਾਰ ਆਸਕਤੀ ਤੋੜ ਦਿੱਤੀ ਹੈ। ਨਿਸ਼ਚੇ ਬੁੱਧੀ ਹੀ ਜਾਣਦੇ ਹਨ, ਸਾਡਾ ਜੋ ਕੁਝ ਵੀ ਹੈ ਬਾਬਾ ਨੂੰ ਦੇ ਦਿੱਤਾ। ਕਹਿੰਦੇ ਵੀ ਹਨ ਨਾ - ਹੇ ਭਗਵਾਨ, ਤੁਸੀਂ ਜੋ ਕੁਝ ਵੀ ਦਿੱਤਾ ਹੈ ਉਹ ਤੁਹਾਡਾ ਹੀ ਹੈ, ਸਾਡਾ ਨਹੀਂ ਹੈ। ਉਹ ਤੇ ਹੁੰਦਾ ਹੈ ਭਗਤੀ ਮਾਰਗ। ਉਸ ਸਮੇਂ ਤਾਂ ਬਾਬਾ ਦੂਰ ਸੀ। ਹੁਣ ਬਾਬਾ ਬਹੁਤ ਨਜ਼ਦੀਕ ਹੈ। ਸਾਹਮਣੇ ਉਨ੍ਹਾਂ ਦਾ ਬਣਨਾ ਹੁੰਦਾ ਹੈ।

ਤੁਸੀਂ ਕਹਿੰਦੇ ਹੋ ਬਾਬਾ, ਬਾਬਾ ਦੇ ਸ਼ਰੀਰ ਨੂੰ ਨਹੀਂ ਵੇਖਣਾ ਹੈ। ਬੁੱਧੀ ਚਲੀ ਜਾਂਦੀ ਹੈ ਉੱਪਰ। ਭਾਵੇਂ ਇਹ ਲੋਨ ਲਿਆ ਹੋਇਆ ਸ਼ਰੀਰ ਹੈ ਪਰ ਤੁਹਾਡੀ ਬੁੱਧੀ ਵਿੱਚ ਹੈ ਅਸੀਂ ਸ਼ਿਵਬਾਬਾ ਨਾਲ ਗੱਲ ਕਰਦੇ ਹਾਂ। ਇਹ ਤਾਂ ਕਿਰਾਏ ਤੇ ਲਿਆ ਹੋਇਆ ਰੱਥ ਹੈ। ਉਨ੍ਹਾਂ ਦਾ ਥੋੜੀ ਹੈ। ਇਹ ਤਾਂ ਜਰੂਰ ਹੈ, ਜਿੰਨਾ ਵੱਡਾ ਆਦਮੀ ਹੋਵੇਗਾ ਤਾਂ ਕਿਰਾਇਆ ਵੀ ਬਹੁਤ ਮਿਲੇਗਾ। ਮਕਾਨ ਮਾਲਿਕ ਵੇਖੇਗਾ - ਰਾਜਾ ਮਕਾਨ ਲੈਂਦੇ

ਹਨ ਤਾਂ ਇੱਕ ਹਜ਼ਾਰ ਕਿਰਾਏ ਦਾ 4 ਹਜ਼ਾਰ ਬੋਲ ਦੇਵੇਗਾ ਕਿਉਂਕਿ ਸਮਝਦੇ ਹਨ ਇਹ ਤਾਂ ਧਨਵਾਨ ਹਨ। ਰਾਜੇ ਲੋਕ ਕਦੀ ਵੀ ਬੋਲਣਗੇ ਨਹੀਂ ਕਿ ਇਹ ਤਾਂ ਜਿਆਦਾ ਲੈਂਦੇ ਹੋ। ਨਹੀਂ, ਉਨ੍ਹਾਂ ਨੂੰ ਪੈਸੇ ਆਦਿ ਦੀ ਪਰਵਾਹ ਨਹੀਂ ਰਹਿੰਦੀ ਹੈ। ਉਹ ਆਪ ਕਿਸੇ ਨਾਲ ਗੱਲ ਨਹੀਂ ਕਰਦੇ ਹਨ। ਪ੍ਰਾਈਵੇਟ ਸੈਕਰੇਟਰੀ ਹੀ ਗੱਲ ਕਰਦੇ ਹਨ। ਅੱਜਕਲ ਤਾਂ ਰਿਸ਼ਵਤ ਬਗੈਰ ਕੰਮ ਨਹੀਂ ਚੱਲਦਾ। ਬਾਬਾ ਤਾਂ ਬਹੁਤ ਅਨੁਭਵੀ ਹੈ। ਉਹ ਲੋਕ ਬੜੇ ਰਾਇਲ ਹੁੰਦੇ ਹਨ। ਚੀਜ਼ ਪਸੰਦ ਦੀ ਬਸ, ਫਿਰ ਸੈਕਰੇਟਰੀ ਨੂੰ ਕਹਿਣਗੇ ਇਨ੍ਹਾਂ ਤੋਂ ਫੈਸਲਾ ਕਰ ਲੈ ਆਓ। ਇਵੇਂ ਦਾ ਮਾਲ ਖੋਲ ਕੇ ਰੱਖਣਗੇ। ਮਹਾਰਾਜਾ - ਮਹਾਰਾਣੀ ਦੋਨੋ ਆਉਣਗੇ, ਜੋ ਚੀਜ਼ ਪਸੰਦ ਹੋਵੇਗੀ ਉੱਥੇ ਬਸ ਅੱਖ ਦਾ ਇਸ਼ਾਰਾ ਕਰਨਗੇ। ਸੈਕਰੇਟਰੀ ਗੱਲ ਕਰ, ਵਿੱਚ ਆਪਣਾ ਹਿੱਸਾ ਕੱਢ ਲੈਂਦੇ ਹਨ। ਕਈ-ਕਈ ਰਾਜੇ ਨਾਲ ਹੀ ਪੈਸਾ ਲੈ ਆਉਂਦੇ ਹਨ, ਸੈਕਰੇਟਰੀ ਨੂੰ ਕਹਿਣਗੇ ਇਨ੍ਹਾਂ ਨੂੰ ਪੈਸਾ ਦੇ ਦੋ। ਬਾਬਾ ਤਾਂ ਸਾਰਿਆਂ ਦੇ ਕਨੈਕਸ਼ਨ ਵਿੱਚ ਆਏ ਹਨ। ਜਾਣਦੇ ਹਨ ਕਿਵੇਂ-ਕਿਵੇਂ ਉਨ੍ਹਾਂ ਦੀ ਐਕਟ ਚਲਦੀ ਹੈ। ਜਿਵੇਂ ਰਾਜਿਆਂ ਦੇ ਕੋਲ ਖ਼ਜ਼ਾਨਚੀ ਰਹਿੰਦੇ ਹਨ, ਇਵੇਂ ਇੱਥੇ ਵੀ ਸ਼ਿਵਬਾਬਾ ਦਾ ਖ਼ਜ਼ਾਨਚੀ ਹੈ। ਇਹ ਤਾਂ ਟ੍ਰਸਟੀ ਹੈ। ਬਾਬਾ ਦਾ ਇਨ੍ਹਾਂ ਵਿੱਚ ਕੋਈ ਮੋਹ ਨਹੀਂ ਹੈ, ਇਸ ਨੇ ਆਪਣੇ ਪੈਸੇ ਵਿੱਚ ਹੀ ਮੋਹ ਨਹੀਂ ਰੱਖਿਆ, ਸਾਰਾ ਕੁਝ ਸ਼ਿਵਬਾਬਾ ਨੂੰ ਦੇ ਦਿੱਤਾ ਤੇ ਫਿਰ ਸ਼ਿਵਬਾਬਾ ਦੇ ਧਨ ਵਿੱਚ ਮੋਹ ਕਿਵੇਂ ਰੱਖਣਗੇ। ਇਹ ਟ੍ਰਸਟੀ ਹੈ। ਜਿਨ੍ਹਾਂ ਦੇ ਕੋਲ ਧਨ ਰਹਿੰਦਾ ਹੈ, ਅੱਜਕਲ ਤੇ ਗਵਰਨਮੈਂਟ ਕਿੰਨੀ ਜਾਂਚ ਕਰਦੀ ਹੈ। ਵਿਲਾਇਤ ਤੋਂ ਆਉਂਦੇ ਹਨ ਤਾਂ ਇਕਦਮ ਚੰਗੀ ਰੀਤੀ ਜਾਂਚ ਕਰਦੇ ਹਨ।

ਹੁਣ ਤੁਸੀਂ ਬੱਚੇ ਜਾਣਦੇ ਹੋ ਕਿਵੇਂ ਬੈਗਰ ਬਣਨਾ ਹੈ। ਕੁਝ ਵੀ ਯਾਦ ਨਾ ਆਵੇ। ਆਤਮਾ ਅਸ਼ਰੀਰੀ ਬਣ ਜਾਵੇ। ਇਸ ਸ਼ਰੀਰ ਨੂੰ ਵੀ ਆਪਣਾ ਨਾ ਸਮਝੇ। ਸਾਡਾ ਕੁਝ ਵੀ ਨਾ ਰਹੇ। ਬਾਪ ਸਮਝਾਉਂਦੇ ਹਨ, ਆਪਣੇ ਨੂੰ ਆਤਮਾ ਸਮਝੋ, ਹੁਣ ਤੁਹਾਨੂੰ ਵਾਪਸ ਜਾਣਾ ਹੈ। ਤੁਸੀਂ ਜਾਣਦੇ ਹੋ ਬੈਗਰ ਕਿਵੇਂ ਬਣਨਾ ਹੁੰਦਾ ਹੈ। ਸ਼ਰੀਰ ਤੋਂ ਵੀ ਮਮੱਤਵ ਟੁੱਟ ਜਾਵੇ। ਆਪ ਮੂਏ ਮਰ ਗਈ ਦੁਨੀਆ। ਇਹ ਮੰਜਿਲ ਹੈ। ਸਮਝਦੇ ਹੋ ਬਾਬਾ ਠੀਕ ਕਹਿੰਦੇ ਹਨ। ਹੁਣ ਸਾਨੂੰ ਵਾਪਸ ਜਾਣਾ ਹੈ। ਸ਼ਿਵਬਾਬਾ ਨੂੰ ਤੁਸੀਂ ਜੋ ਕੁਝ ਵੀ ਦਿੰਦੇ ਹੋ, ਉਸਦਾ ਫਿਰ ਰਿਟਰਨ ਵਿੱਚ ਦੂਜੇ ਜਨਮ ਵਿੱਚ ਮਿਲ ਜਾਂਦਾ ਹੈ ਇਸਲਈ ਕਹਿੰਦੇ ਹਨ ਇਹ ਸਭ ਕੁਝ ਰੱਬ ਨੇ ਹੀ ਦਿੱਤਾ ਹੈ। ਅੱਗੇ ਜਨਮ ਵਿੱਚ ਇਵੇਂ ਚੰਗਾ ਕਰਮ ਕੀਤਾ ਹੈ, ਜਿਸ ਦਾ ਫ਼ਲ ਮਿਲਿਆ ਹੈ। ਸ਼ਿਵਬਾਬਾ ਰੱਖਦਾ ਕਿਸੇ ਦਾ ਵੀ ਨਹੀਂ। ਵੱਡੇ-ਵੱਡੇ ਰਾਜੇ, ਜਿਮੀਂਦਾਰ ਆਦਿ ਹੁੰਦੇ ਹਨ ਤਾਂ ਉਨ੍ਹਾਂ ਨੂੰ ਨਜ਼ਰਾਨਾ ਵੀ ਦਿੰਦੇ ਹਨ। ਫਿਰ ਕੋਈ ਨਜ਼ਰਾਨਾ ਲੈਂਦੇ ਹਨ, ਕੋਈ ਨਹੀਂ ਲੈਂਦੇ। ਉੱਥੇ ਤਾਂ ਤੁਸੀਂ ਕੋਈ ਵੀ ਦਾਨ ਪੁੰਨ ਨਹੀਂ ਕਰਦੇ ਕਿਓਂਕਿ ਉੱਥੇ ਤਾਂ ਸਾਰਿਆਂ ਕੋਲ ਪੈਸਾ ਬੜਾ ਹੈ। ਦਾਨ ਕਿਸਨੂੰ ਕਰੋਗੇ। ਗਰੀਬ ਤਾਂ ਉੱਥੇ ਹੁੰਦੇ ਨਹੀਂ। ਤੁਸੀਂ ਹੀ ਫਕੀਰ ਤੋਂ ਅਮੀਰ ਅਤੇ ਅਮੀਰ ਤੋਂ ਫਕੀਰ ਬਣਦੇ ਹੋ। ਕਹਿੰਦੇ ਹਨ ਨਾ ਇਨ੍ਹਾਂ ਨੂੰ ਤੰਦਰੁਸਤੀ ਬਖਸ਼ੋ। ਕ੍ਰਿਪਾ ਕਰੋ। ਇਹ ਕਰੋ। ਅੱਗੇ ਸ਼ੁਰੂ ਵਿੱਚ ਵੀ ਸ਼ਿਵਬਾਬਾ ਤੋਂ ਹੀ ਮੰਗਦੇ ਸੀ। ਫਿਰ ਵਿਅਭਚਾਰੀ ਬਣ ਗਏ ਹਨ ਤਾਂ ਸਾਰਿਆਂ ਦੇ ਅੱਗੇ ਜਾਂਦੇ ਰਹਿੰਦੇ ਹੋ। ਕਹਿੰਦੇ ਹਨ ਝੋਲੀ ਭਰ ਦੇਵੋ। ਕਿੰਨੇ ਪਥਰਬੁੱਧੀ ਹਨ। ਕਹਿੰਦੇ ਵੀ ਹਨ ਪੱਥਰਬੁੱਧੀ ਤੋਂ ਪਾਰਸਬੁੱਧੀ ਬਣਾਉਂਦੇ ਹਨ। ਤਾਂ ਤੁਸੀਂ ਬੱਚਿਆਂ ਨੂੰ ਖੁਸ਼ੀ ਬਹੁਤ ਰਹਿਣੀ ਚਾਹੀਦੀ ਹੈ। ਗਾਇਨ ਵੀ ਹੈ ਅਤੀਇੰਦਰੀਏ ਸੁੱਖ ਪੁੱਛਣਾ ਹੈ ਤਾਂ ਗੋਪੀ ਵਲੱਬ ਦੇ ਗੋਪੀ - ਗੋਪੀਆਂ ਤੋਂ ਪੁੱਛੋ। ਕਿਸੇ ਨੂੰ ਬਹੁਤ ਫਾਇਦਾ ਹੁੰਦਾ ਹੈ ਤਾਂ ਬਹੁਤ ਖੁਸ਼ੀ ਹੁੰਦੀ ਹੈ। ਤਾਂ ਤੁਸੀਂ ਬੱਚਿਆਂ ਨੂੰ ਵੀ ਬੜੀ ਖੁਸ਼ੀ ਰਹਿਣੀ ਚਾਹੀਦੀ ਹੈ। ਤੁਹਾਨੂੰ 100 ਪਰਸੈਂਟ ਖੁਸ਼ੀ ਸੀ ਫਿਰ ਘੱਟਦੀ ਗਈ। ਹੁਣ ਤਾਂ ਕੁਝ ਵੀ ਨਹੀਂ ਹੈ। ਪਹਿਲੇ ਸੀ ਬੇਹੱਦ ਦੀ ਬਾਦਸ਼ਾਹੀ। ਫਿਰ ਹੁੰਦੀ ਹੈ ਹੱਦ ਦੀ ਰਾਜਾਈ, ਅਲਪਕਾਲ ਦੇ ਲਈ। ਹੁਣ ਬਿਰਲੇ ਕੋਲ ਕਿੰਨੀ ਢੇਰ ਮਲਕੀਅਤ ਹੈ। ਮੰਦਿਰ ਬਣਾਉਂਦੇ ਹਨ, ਉਸਦੇ ਨਾਲ ਕੁਝ ਵੀ ਨਹੀਂ ਮਿਲਦਾ। ਗਰੀਬਾਂ ਨੂੰ ਥੋੜੀ ਕੁਝ ਦਿੰਦੇ ਹਨ। ਮੰਦਿਰ ਬਣਾਇਆ ਜਿੱਥੇ ਮਨੁੱਖ ਆਕੇ ਮੱਥਾ ਟੇਕਣਗੇ। ਹਾਂ, ਗਰੀਬ ਨੂੰ ਦਾਨ ਵਿੱਚ ਦਿੰਦੇ ਹਨ ਤਾਂ ਉਸਦੇ ਰਿਟਰਨ ਵਿੱਚ ਮਿਲ ਸਕਦਾ ਹੈ। ਧਰਮਸ਼ਾਲਾ ਬਣਾਉਂਦੇ ਹਨ ਤਾਂ ਬਹੁਤ ਮਨੁੱਖ ਜਾਕੇ ਉੱਥੇ ਵਿਸ਼ਰਾਮ ਪਾਉਂਦੇ ਹਨ ਤਾਂ ਦੂਜੇ ਜਨਮ ਵਿੱਚ ਅਲਪਕਾਲ ਸੁੱਖ ਮਿਲ ਜਾਂਦਾ ਹੈ। ਕੋਈ ਹਸਪਤਾਲ ਬਣਾਉਂਦੇ ਹਨ ਤਾਂ ਵੀ ਅਲਪਕਾਲ ਦੇ ਲਈ ਸੁੱਖ ਮਿਲਦਾ ਹੈ ਇੱਕ ਜਨਮ ਦੇ ਲਈ। ਤਾਂ ਬੇਹੱਦ ਦਾ ਬਾਪ ਬੱਚਿਆਂ ਨੂੰ ਬੈਠ ਸਮਝਾਉਂਦੇ ਹਨ, ਇਸ ਪੁਰਸ਼ੋਤਮ ਸੰਗਮਯੁਗ ਦੀ ਬਹੁਤ ਮਹਿਮਾ ਹੈ। ਤੁਹਾਡੀ ਵੀ ਬਹੁਤ ਮਹਿਮਾ ਹੈ ਜੋ ਪੁਰਸ਼ੋਤਮ ਬਣਦੇ ਹੋ। ਤੁਹਾਨੂੰ ਬ੍ਰਾਹਮਣਾਂ ਨੂੰ ਹੀ ਆਕੇ ਰੱਬ ਪੜ੍ਹਾਉਂਦਾ ਹੈ। ਉਹ ਗਿਆਨ ਦਾ ਸਾਗਰ ਹੈ। ਇਸ ਸਾਰੇ ਮਨੁੱਖ ਸ੍ਰਿਸ਼ਟੀ ਰੂਪੀ ਰੁੱਖ ਦਾ ਬੀਜਰੂਪ ਹੈ। ਸਾਰੇ ਡਰਾਮਾ ਦੇ ਆਦਿ - ਮੱਧ - ਅੰਤ ਦਾ ਰਾਜ ਸਮਝਾਉਂਦੇ ਹਨ। ਤੁਹਾਨੂੰ ਪੁੱਛਣਗੇ ਕੀ ਤੁਹਾਨੂੰ ਪੜ੍ਹਾਉਂਦੇ ਹਨ! ਬੋਲੋ, ਕਿ ਇਹ ਭੁੱਲ ਗਏ ਹੋ - ਗੀਤਾ ਵਿੱਚ ਭਗਵਾਨੁਵਾਚ ਹੈ ਨਾ, ਮੈਂ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਇਸਦਾ ਅਰਥ ਤੁਸੀਂ ਹੁਣ ਸਮਝਦੇ ਹੋ। ਪੱਤਿਤ ਰਾਜੇ ਪਾਵਨ ਰਾਜਿਆਂ ਦੀ ਪੂਜਾ ਕਰਦੇ ਹਨ ਇਸਲਈ ਬਾਪ ਕਹਿੰਦੇ ਹਨ ਤੁਹਾਨੂੰ ਰਾਜਿਆਂ ਦਾ ਰਾਜਾ ਬਣਾਉਂਦਾ ਹਾਂ। ਇਹ ਲਕਸ਼ਮੀ -ਨਰਾਇਣ ਸਵਰਗ ਦੇ ਮਾਲਿਕ ਸਨ ਨਾ। ਸਵਰਗ ਦੇ ਦੇਵਤਾਵਾਂ ਨੂੰ ਕਲਯੁੱਗ ਵਿੱਚ ਸਭ ਨਮਨ ਪੂਜਨ ਕਰਦੇ ਹਨ। ਇਹਨਾਂ ਗੱਲਾਂ ਨੂੰ ਤੁਸੀਂ ਹੁਣ ਸਮਝਦੇ ਹੋ। ਭਗਤ ਲੋਕ ਕੁਝ ਵੀ ਸਮਝਦੇ ਥੋੜੀ ਹਨ। ਉਹ ਤਾਂ ਸਿਰਫ ਸ਼ਾਸਤਰਾਂ ਦੀਆਂ ਕਹਾਣੀਆਂ ਪੜ੍ਹਦੇ ਸੁਣਦੇ ਰਹਿੰਦੇ ਹਨ। ਬਾਪ ਕਹਿੰਦੇ ਹਨ - ਤੁਸੀਂ ਜੋ ਗੀਤਾ ਅੱਧਾ ਕਲਪ ਤੋਂ ਸੁਣਦੇ ਆਏ ਹੋ, ਉਸਦੇ ਨਾਲ ਕੁਝ ਪ੍ਰਾਪਤੀ ਹੋਈ? ਢਿੱਡ ਤਾਂ ਕੁਝ ਭਰਿਆ ਨਹੀਂ। ਹੁਣ ਤੁਹਾਡਾ ਢਿੱਡ ਭਰ ਰਿਹਾ ਹੈ। ਤੁਸੀਂ ਜਾਣਦੇ ਹੋ ਇਹ ਪਾਰ੍ਹ ਇੱਕ ਹੀ ਵਾਰ ਚੱਲਦਾ ਹੈ। ਖੁੱਦ ਰੱਬ ਕਹਿੰਦੇ ਹਨ ਮੈਂ ਇਸ ਤਨ ਵਿੱਚ ਪਰਵੇਸ਼ ਕਰਦਾ ਹਾਂ। ਬਾਪ ਇਨ੍ਹਾਂ ਦੇ ਦੁਆਰਾ ਬੋਲਦੇ ਹਨ ਤਾਂ ਜਰੂਰ ਪਰਵੇਸ਼ ਕਰਣਗੇ। ਉੱਪਰ ਤੋਂ ਡਾਇਰੈਕਸ਼ਨ ਦੇਣਗੇ ਕੀ! ਕਹਿੰਦੇ ਹਨ ਮੈਂ ਸਨਮੁੱਖ ਆਉਂਦਾ ਹਾਂ। ਹੁਣ ਤੁਸੀਂ ਸੁਣ ਰਹੇ ਹੋ। ਇਹ ਬ੍ਰਹਮਾ ਵੀ ਕੁਝ ਨਹੀਂ ਜਾਣਦੇ ਸੀ। ਹੁਣ ਜਾਣਦੇ ਜਾਂਦੇ ਹਨ। ਬਾਕੀ ਗੰਗਾ ਦਾ ਪਾਣੀ ਪਾਵਨ ਕਰਨ ਵਾਲੇ ਨਹੀਂ ਹਨ, ਇਹ ਹੈ ਗਿਆਨ ਦੀ ਗੱਲ। ਤੁਸੀਂ ਜਾਣਦੇ ਹੋ ਬਾਪ ਸਨਮੁੱਖ ਬੈਠੇ ਹਨ, ਤੁਹਾਡੀ ਬੁੱਧੀ ਹੁਣ ਉੱਪਰ ਨੂੰ ਨਹੀਂ ਜਾਵੇਗੀ, ਇਹ ਹੈ ਉਨ੍ਹਾਂ ਦਾ ਰੱਥ, ਇਨ੍ਹਾਂ ਨੂੰ ਬਾਬਾ ਬੂਟ ਵੀ ਕਹਿੰਦੇ ਹਨ, ਡੱਬੀ ਵੀ ਕਹਿੰਦੇ ਹਨ। ਇਸ ਡੱਬੀ ਵਿੱਚ ਉਹ ਹੀਰਾ ਹੈ। ਕਿੰਨੀ ਫ਼ਸਟਕਲਸ ਚੀਜ ਹੈ। ਇਨ੍ਹਾਂ ਨੂੰ ਤਾਂ ਰੱਖਣਾ ਚਾਹੀਦਾ ਹੈ ਸੋਨੇ ਦੀ ਡੱਬੀ ਵਿੱਚ। ਗੋਲਡਨ ਏਜਡ ਡੱਬੀ ਬਣਾਉਂਦੇ ਹਨ। ਬਾਬਾ ਕਹਿੰਦੇ ਹਨ ਨਾ - ਧੋਬੀ ਦੇ ਘਰ ਤੋਂ ਗਈ ਛੂ। ਇਸਨੂੰ ਕਹਿੰਦੇ ਹਨ ਛੂ

ਮੰਤਰ। ਛੂ ਮੰਤਰ ਨਾਲ ਸੇਕੇਂਡ ਵਿੱਚ ਜੀਵਨਮੁਕਤੀ, ਇਸਲਈ ਉਨ੍ਹਾਂ ਨੂੰ ਜਾਦੂਗਰ ਵੀ ਆਖਦੇ ਹਨ। ਸੇਕੇਂਡ ਵਿੱਚ ਨਿਸ਼ਚਾ ਹੋ ਜਾਂਦਾ ਹੈ - ਅਸੀਂ ਇਹ ਬਣਾਂਗੇ। ਇਹ ਗੱਲਾਂ ਹੁਣ ਤੁਸੀਂ ਪ੍ਰੈਕਟੀਕਲ ਵਿੱਚ ਸੁਣਦੇ ਹੋ। ਪਹਿਲੇ ਜਦੋਂ ਸਤ ਨਰਾਇਣ ਦੀ ਕਥਾ ਸੁਣਦੇ ਸੀ ਤਾਂ ਇਹ ਸਮਝਦੇ ਸੀ ਕੀ? ਉਸ ਸਮੇਂ ਤਾਂ ਕਥਾ ਸੁਣਦੇ ਸਮੇ ਵਿਲਾਇਤ, ਸਟੀਮਰ ਆਦਿ ਯਾਦ ਰਹਿੰਦਾ ਹੈ। ਸਤਿ ਨਾਰਾਇਣ ਦੀ ਕਥਾ ਸੁਣ ਕੇ ਫਿਰ ਮੁਸਾਫਿਰੀ ਤੇ ਜਾਂਦੇ ਸੀ। ਉਹ ਤਾਂ ਫਿਰ ਵਾਪਿਸ ਆਉਂਦੇ ਸੀ। ਬਾਪ ਤਾਂ ਕਹਿੰਦੇ ਹਨ ਤੁਹਾਨੂੰ ਫਿਰ ਇਸ ਛੀ-ਛੀ ਦੁਨੀਆ ਵਿੱਚ ਵਾਪਿਸ ਆਉਣਾ ਨਹੀਂ ਹੈ। ਭਾਰਤ ਅਮਰਲੋਕ, ਸਵਰਗ ਦੇਵੀ - ਦੇਵਤਾਵਾਂ ਦਾ ਰਾਜ ਸੀ। ਇਹ ਲਕਸ਼ਮੀ - ਨਾਰਾਇਣ ਵਿਸ਼ਵ ਦੇ ਮਾਲਿਕ ਹਨ ਨਾ। ਇਨ੍ਹਾਂ ਦੇ ਰਾਜ ਵਿੱਚ ਪਵਿੱਤਰਤਾ, ਸੁੱਖ, ਸ਼ਾਂਤੀ ਸੀ। ਦੁਨੀਆ ਵੀ ਇਹ ਹੀ ਮੰਗਦੀ ਹੈ - ਵਿਸ਼ਵ ਵਿੱਚ ਸ਼ਾਂਤੀ ਹੋਵੇ, ਸਾਰੇ ਮਿਲਕੇ ਇਕ ਹੋ ਜਾਣ। ਹੁਣ ਇੰਨੇ ਸਾਰੇ ਧਰਮ ਮਿਲਕੇ ਇੱਕ ਕਿਵੇਂ ਹੋਣਗੇ! ਹਰ ਇਕ ਦਾ ਧਰਮ ਅਲੱਗ, ਫ਼ੀਚਰਸ ਅਲੱਗ-ਅਲੱਗ ਸਾਰੇ ਇਕ ਕਿਵੇਂ ਹੋਣਗੇ। ਉਹ ਤਾਂ ਹੈ ਹੀ ਸ਼ਾਂਤੀਧਾਮ, ਸੁਖਧਾਮ। ਉੱਥੇ ਇੱਕ ਧਰਮ, ਇੱਕ ਰਾਜ ਹੁੰਦਾ ਹੈ। ਦੂਜਾ ਕੋਈ ਧਰਮ ਹੀ ਨਹੀਂ, ਜੋ ਤਾਲੀ ਵੱਜੇ। ਉਸਨੂੰ ਵਿਸ਼ਵ ਵਿੱਚ ਸ਼ਾਂਤੀ ਕਿਹਾ ਜਾਂਦਾ ਹੈ। ਹੁਣ ਤੁਸੀਂ ਬੱਚਿਆਂ ਨੂੰ ਬਾਪ ਪੜ੍ਹਾ ਰਹੇ ਹਨ। ਇਹ ਵੀ ਜਾਣਦੇ ਹੋ ਸਾਰੇ ਬੱਚੇ ਇੱਕਰਸ ਨਹੀਂ ਪੜ੍ਹਦੇ ਹਨ। ਨੰਬਰਵਾਰ ਤੇ ਹੁੰਦੇ ਹੀ ਹਨ। ਇਹ ਵੀ ਰਾਜਧਾਨੀ ਸਥਾਪਤ ਹੋ ਰਹੀ ਹੈ। ਬੱਚਿਆਂ ਨੂੰ ਕਿੰਨਾ ਸਮਝਦਾਰ ਬਣਾਇਆ ਜਾਂਦਾ ਹੈ।

ਇਹ ਹੈ ਈਸ਼ਵਰੀਆ ਯੂਨੀਵਰਸਿਟੀ। ਭਗਤ ਲੋਕ ਸਮਝਦੇ ਨਹੀਂ। ਕਈ ਵਾਰ ਸੁਣਦੇ ਵੀ ਹਨ - ਭਗਵਾਨੁਵਾਚ ਕਿਓਂਕਿ ਗੀਤਾ ਹੀ ਭਾਰਤਵਾਸੀਆਂ ਦਾ ਧਰਮਸ਼ਾਸਤਰ ਹੈ। ਗੀਤਾ ਦੀ ਤਾਂ ਅਪਰਮਪਾਰ ਮਹਿਮਾ ਹੈ। ਸਰਵਸ਼ਾਸ੍ਤ੍ਰਮਈ ਸ਼ਿਰੋਮਣੀ ਭਗਵਤ ਗੀਤਾ ਹੈ। ਸ਼ਿਰੋਮਣੀ ਮਤਲਬ ਸ਼੍ਰੇਸ਼ਠ ਤੇ ਸ਼੍ਰੇਸ਼ਠ ਪੱਤਿਤ - ਪਾਵਨ ਸਦਗਤੀ ਦਾਤਾ ਹੈ ਹੀ ਇਕ ਰੱਬ, ਜੋ ਸਾਰੀਆਂ ਆਤਮਾਵਾਂ ਦਾ ਬਾਪ ਹੈ। ਭਾਰਤਵਾਸੀ ਮਤਲਬ ਨੂੰ ਸਮਝਦੇ ਨਹੀਂ ਹਨ। ਬੇਸਮਝੀ ਨਾਲ ਸਿਰਫ ਕਹਿ ਦਿੰਦੇ ਹਨ ਸਭ ਭਰਾ-ਭਰਾ ਹਨ। ਹੁਣ ਤੁਹਾਨੂੰ ਬਾਪ ਸਮਝਾਉਂਦੇ ਹਨ ਅਸੀਂ ਭਰਾ-ਭਰਾ ਹਾਂ। ਅਸੀਂ ਸ਼ਾਂਤੀਧਾਮ ਦੇ ਰਹਿਣ ਵਾਲੇ ਹਾਂ। ਇੱਥੇ ਪਾਰ੍ਟ ਵਜਾਉਂਦੇ - ਵਜਾਉਂਦੇ ਅਸੀਂ ਬਾਪ ਨੂੰ ਭੁੱਲ ਵੀ ਜਾਂਦੇ ਹਾਂ। ਜੋ ਬਾਪ ਭਾਰਤ ਨੂੰ ਸਾਰੇ ਵਿਸ਼ਵ ਰਾਜ ਦਾ ਦਿੰਦੇ ਹਨ, ਉਨ੍ਹਾਂ ਨੂੰ ਸਭ ਭੁੱਲ ਜਾਂਦੇ ਹਨ। ਇਹ ਸਾਰਾ ਰਾਜ ਬਾਪ ਹੀ ਸਮਝਾਉਂਦੇ ਹਨ। ਅੱਛਾ!

ਮਿੱਠੇ-ਮਿੱਠੇ ਸਿੱਕੀਲਧੇ ਬੱਚਿਆਂ ਪ੍ਰਤੀ ਮਾਤ - ਪਿਤਾ ਬਾਪਦਾਦਾ ਦਾ ਯਾਦ ਪਿਆਰ ਅਤੇ ਗੁੱਡਮੋਰਨਿੰਗ। ਰੂਹਾਨੀ ਬਾਪ ਦੀ ਰੂਹਾਨੀ ਬੱਚਿਆਂ ਨੂੰ ਨਮਸਤੇ।

ਧਾਰਨਾ ਲਈ ਮੁੱਖ ਸਾਰ:-

1. ਅਤਿਇੰਦ੍ਰੀਆਂ ਸੁਖ ਦਾ ਅਨੁਭਵ ਕਰਨ ਦੇ ਲਈ ਸਮ੍ਰਿਤੀ ਰਹੇ ਕਿ ਇਹ ਹੀ ਪੁਰਸ਼ੋਤਮ ਸੰਗਮਯੁਗ ਹੈ ਜਦੋਂਕਿ ਸਾਨੂੰ ਭਗਵਾਨ ਪੜ੍ਹਾਉਂਦੇ ਹਨ, ਜਿਸਨਾਲ ਅਸੀਂ ਰਾਜਾਵਾਂ ਦਾ ਰਾਜਾ ਬਣਾਂਗੇ। ਹੁਣ ਸਾਨੂੰ ਡਰਾਮੇ ਦੇ ਆਦਿ, ਮੱਧ, ਅੰਤ ਦਾ ਗਿਆਨ ਹੈ।

2. ਹੁਣ ਵਾਪਿਸ ਘਰ ਜਾਣਾ ਹੈ ਇਸਲਈ ਇਸ ਸ਼ਰੀਰ ਤੋਂ ਵੀ ਪੂਰਾ ਬੇਗਰ ਬਣਨਾ ਹੈ। ਇਸਨੂੰ ਭੁੱਲ ਆਪਣੇ ਨੂੰ ਅਸ਼ਰੀਰੀ ਆਤਮਾ ਸਮਝਣਾ ਹੈ।

ਵਰਦਾਨ:- ਸਦਾ ਸੰਤੁਸ਼ਟ ਰਹਿ ਆਪਣੀ ਦ੍ਰਿਸ਼ਟੀ , ਵ੍ਰਿਤੀ , ਕ੍ਰਿਤੀ ਦਵਾਰਾ ਸੰਤੁਸ਼ਟਤਾ ਦੀ ਅਨੁਭੂਤੀ ਕਰਾਉਣ ਵਾਲੇ ਸੰਤੁਸ਼ਟਮਨੀ ਭਵ

ਬ੍ਰਾਹਮਣ ਕੁਲ ਵਿੱਚ ਵਿਸ਼ੇਸ਼ ਆਤਮਾਵਾਂ ਉਹ ਹੈ ਜੋ ਸਦਾ ਸੰਤੁਸ਼ਟਤਾ ਦੀ ਵਿਸ਼ੇਸ਼ਤਾ ਦਵਾਰਾ ਖੁਦ ਵੀ ਸੰਤੁਸ਼ਟ ਰਹਿੰਦੀ ਹੈ ਅਤੇ ਆਪਣੀ ਦ੍ਰਿਸ਼ਟੀ, ਵ੍ਰਿਤੀ ਅਤੇ ਕ੍ਰਿਤੀ ਦਵਾਰਾ, ਹੋਰਾਂ ਨੂੰ ਵੀ ਸੰਤੁਸ਼ਟਤਾ ਦੀ ਅਨੁਭੂਤੀ ਕਰਾਉਦੀ ਹੈ, ਉਹ ਸੰਤੁਸ਼ਟਮਣੀਆਂ ਹਨ ਜੋ ਸਦਾ ਸੰਕਲਪ, ਬੋਲ, ਸੰਗਠਨ ਦੇ ਸੰਬੰਧ -ਸੰਪਰਕ ਅਤੇ ਕਰਮ ਵਿੱਚ ਬਾਪਦਾਦਾ ਦਵਾਰਾ ਆਪਣੇ ਸੰਤੁਸ਼ਟਤਾ ਦੇ ਗੋਲਡਨ ਪੁਸ਼ਪਾ ਦੀ ਵਰਖਾ ਅਨੁਭਵ ਕਰਦੀ ਹੈ। ਇਵੇਂ ਦੀ ਸੰਤੁਸ਼ਟ ਮਣੀਆਂ ਹੀ ਬਾਪਦਾਦਾ ਦੇ ਗਲੇ ਦਾ ਹਾਰ ਬਣਦੀ ਹੈ, ਰਾਜ ਅਧਿਕਾਰੀ ਬਣਦੀ ਹੈ ਅਤੇ ਭਗਤਾ ਦੇ ਸਿਮਰਨ ਦੀ ਮਾਲਾ ਬਣਦੀ ਹੈ।

ਸਲੋਗਨ:- ਨੇਗਟਿਵ ਅਤੇ ਵੇਸ੍ਟ ਨੂੰ ਸਮਾਪਤ ਕਰ ਮਿਹਨਤ ਮੁਕਤ ਬਣੋ।

******